ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਵੀਂ ਮੰਜਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ
(ਵਜੀਫਾ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ।

ਮੀਮੋ ਨੰ.7/1-2019 ਵਜੀਫਾ (2)/2019382359
ਮਿਤੀ:- 07-11-2019

ਵਿਸ਼ਾ:- ਐਨ.ਐਸ.ਪੀ. ਪੋਰਟਲ ਤੇ ਸਕੂਲਾਂ ਦੀ ਰੀ-ਰਜਿਸਟਰੇਸ਼ਨ ਕਰਨ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਐਮ.ਐਚ.ਆਰ.ਡੀ. ਤੋਂ ਪ੍ਰਾਪਤ ਸਕੂਲਾਂ ਦੀ ਰੀ-ਰਜਿਸਟਰੇਸ਼ਨ ਸਬੰਧੀ ਪੈਡੰਸੀ ਆਪ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਐਨ.ਐਸ.ਪੀ. ਪੋਰਟਲ ਤੇ ਰਜਿਸਟਰੇਸ਼ਨ ਦੀ ਆਖਰੀ ਮਿਤੀ 15-11-19 ਹੈ ਪਰ ਅਜੇ ਤੱਕ ਕਾਫੀ ਸਕੂਲ ਰੀ-ਰਜਿਸਟਰਡ ਨਹੀਂ ਕੀਤੇ ਗਏ ਹਨ।ਇਨ੍ਹਾਂ ਸਕੂਲਾਂ ਅਧੀਨ ਐਪਲੀਕੇਸ਼ਨ ਵੈਰੀਫਾਈ ਨਹੀਂ ਹੋ ਸਕਣਗੀਆਂ ਜਿੰਨੀ ਦੇਰ ਤੱਕ ਇਹ ਸਕੂਲ ਰੀ-ਰਜਿਸਟਰਡ ਨਹੀਂ ਹੁੰਦੇ। ਇਸ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਲਦੀ ਤੋਂ ਜਲਦੀ 15-11-19 ਤੱਕ ਪੈਡਿੰਗ ਸਕੂਲ ਰੀ-ਰਜਿਸਟਰਡ ਕਰਵਾਏ ਜਾਣ।ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਦੀ ਰਜਿਸਟਰੇਸ਼ਨ ਲਈ ਉਚੇਚੇ ਕੱਦਮ ਚੁੱਕੇ ਜਾਣ।ਸਕੂਲ ਨਾ ਰਜਿਸਟਰ ਹੋਣ ਦੀ ਸੂਰਤ ਵਿੱਚ ਐਨ.ਐਸ.ਪੀ. ਮਨਿਉਰਟੀ ਦੇ ਜਿਲ੍ਹਾ ਨੋਡਲ ਅਫਸਰ ਦੀ ਜਿੰਮੇਵਾਰੀ ਫਿਕਸ ਕੀਤੀ ਜਾਂਦੀ ਹੈ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

07/11/2019
ਸਹਾਇਕ ਡਾਇਰੈਕਟਰ (ਵਜੀਫਾ)

## ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਮੀਮੋ ਨੰ: ਜੀ-6/19-2019382731

ਮਿਤੀ : 07/11/2019

ਉਪਰੋਕਤ ਪੱਤਰ ਮੂਲ ਰੂਪ ਵਿਚ ਜਿਲਾ ਅੰਮ੍ਰਿਤਸਰ ਦੇ ਸਮੂਹ ਸਰਕਾਰੀ/ਮਾਨਤਾ ਪ੍ਰਾਪਤ/ ਏਡਿਡ ਅਤੇ ਪ੍ਰਾਇਵੇਟ ਸਕੂਲ ਮੁਖੀ (ਮਿਡਲ/ਹਾਈ/ਸੀਨੀਅਰ ਸੈਕੰਡਰੀ ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਵੱਲੋ ਬਾਰ-ਬਾਰ ਹਦਾਇਤਾਂ ਜਾਰੀ ਕਰਨ ਦੇ ਬਾਵਜੂਦ ਵੀ ਆਪ ਵੱਲੋ ਆਪਣਾ ਸਕੂਲ NSP ਪੋਰਟਲ ਤੇ ਰਜਿਸਟਰ ਨਹੀ ਕਰਵਾਇਆ ਜਾ ਰਿਹਾ । ਹੁਣ ਆਪ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ । ਆਪ ਵੱਲੋ NSP ਪੋਰਟਲ ਤੇ ਸੰਸਥਾ ਦਾ ਰਜਿਸਟਰੇਸ਼ਨ ਫਾਰਮ ਅਪਰੂਵ ਨਾ ਕਰਵਾਉਣ ਕਾਰਨ ਜੇਕਰ ਕੋਈ ਵੀ ਵਿਦਿਆਰਥੀ ਵਜੀਫਾ ਅਪਲਾਈ ਕਰਨ ਤੋ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਫਿਕਸ ਕੀਤੀ ਜਾਵੇਗੀ ।

7/11/19
ਜਿਲਾ ਸਿਖਿਆ ਅਫਸਰ(ਸੈ.ਸਿ.)
ਅੰਮ੍ਰਿਤਸਰ ।
7/11/19 7/11/2019

Scanned with CamScanner